## ਟੀਮ ਡੈਲਟਾ ਨੂੰ ਟਵੈਸਨ ਵਿੱਚ ਨਵੇਂ ਐਂਬੂਲੈਂਸ ਸਟੇਸ਼ਨ ਵਾਸਤੇ ਲੜਨਾ ਪਵੇਗਾ

ਸਿਹਤ ਸੰਭਾਲ ਲਈ ਸਲੇਟ ਦੇ ਐਕਸ਼ਨ ਪਲੈਨ ਦਾ ਤੀਸਰਾ ਭਾਗ

1 ਅਕਤੂਬਰ, 2018 – ਡੈਲਟਾ, ਬੀ.ਸੀ.–ਸਿਲਵੀਆ ਬਿਸ਼ਪ ਨੇ  ਅੱਜ ਕਿਹਾ ਕਿ ਜੇ ਉਹ ਅਤੇ ਉਸਦੀ ਟੀਮ ਡੈਲਟਾ ਦੇ ਸਾਥੀ 20 ਅਕਤੂਬਰ ਦੀਆਂ ਕੌਂਸਲ ਚੋਣਾਂ ਜਿੱਤ ਜਾਂਦੇ ਹਨ ਤਾਂ ਟਵੈਸਨ ਵਿੱਚ ਐਂਬੂਲੈਂਸ ਸਟੇਸ਼ਨ ਵੱਡੀ ਪ੍ਰਾਥਮਿਕਤਾ ਹੋਵੇਗੀ।

ਦੋ ਟਰਮਾਂ ਤੋਂ ਕੌਂਸਲਰ ਅਤੇ ਟੀਮ ਡੈਲਟਾ ਦੀ ਮੇਅਰਲ ਉਮੀਦਵਾਰ ਸਿਲਵੀਆ ਬਿਸ਼ਪ ਨੇ ਕਿਹਾ, “ਸਾਊਥ ਡੈਲਟਾ ਦਾ ਏਰੀਆ, ਜਿਸਦੇ ਘੇਰੇ ਵਿੱਚ ਟਵੈਸਨ ਦੀ ਕਮਿਊਨਟੀ, ਟਵੈਸਨ ਫਸਟ ਨੇਸ਼ਨਜ਼ ਦੀ ਜ਼ਮੀਨ, ਰਾਬਰਟ ਬੈਂਕ ਵਿੱਚ ਵੈਸਟ ਸ਼ੋਰ ਅਤੇ ਜੀ.ਸੀ.ਟੀ. ਡੈਲਟਾਪੋਰਟ ਟਰਮੀਨਲ ਅਤੇ ਬੀ.ਸੀ. ਫੈਰੀ ਟਰਮੀਨਲ ਆਉਂਦੇ ਹਨ, ਬਹੁਤ ਸੰਘਣੀ ਵਸੋਂ ਵਾਲਾ ਬਣ ਰਿਹਾ ਹੈ ਅਤੇ ਤੇਜ਼ੀ ਨਾਲ ਵਪਾਰਕ ਹੋ ਰਿਹਾ ਹੈ”।

“ਇਹ ਇੱਕ ਬਹੁਤ ਹੀ ਚੁਨੌਤੀ ਵਾਲੀ ਸਥਿਤੀ ਹੈ, ਜਦੋਂ ਸਭ ਤੋਂ ਨੇੜਲਾ ਐਂਬੂਲੈਂਸ ਸਟੇਸ਼ਨ ਲੈਡਨਰ ਵਿੱਚ ਸਥਿਤ ਹੈ ਅਤੇ ਆਪਾਤਕਾਲੀਨ ਸੇਵਾਵਾਂ ਵਾਲੀ ਗੱਡੀ ਨੂੰ ਫੈਰੀ ਟਰਮੀਨਲ ਜਾਂ ਬਾਊਂਡਰੀ ਬੀਚ ਤੇ ਅਕਸਰ ਭੀੜ ਭਰੇ ਟਰੈਫਿਕ ਵਿੱਚੋਂ ਲੰਘ ਕੇ ਆਉਣ ਲਈ 12-13 ਘੰਟੇ ਦਾ ਸਮਾਂ ਲੱਗ ਸਕਦਾ ਹੈ”।

ਉਸਨੇ ਇਹ ਵੀ ਕਿਹਾ, “ਇਸ ਟਰਿੱਪ ਨੂੰ 15 ਮਿੰਟ ਜਾਂ ਹੋਰ ਵੱਧ ਲੱਗ ਸਕਦੇ ਹਨ, ਜੋ ਕਿ ਬਿਪਤਾ ਵਿਚ ਫਸੇ ਇਨਸਾਨ ਲਈ ਜਾਂ ਗੰਭੀਰ ਹਾਲਤ ਵਿੱਚ ਮੈਡੀਕਲ ਸਹਾਇਤਾ ਦਾ ਇੰਤਜ਼ਾਰ ਕਰ ਰਹੇ ਜ਼ਰੂਰਤਮੰਦ ਲਈ ਬਹੁਤ ਜ਼ਿਆਦਾ ਸਮਾਂ ਹੈ”।

ਵੈਟਰਨ ਕੌਂਸਲਰ ਰਾਬਰਟ ਕੈਂਪਬੈੱਲ, ਜੋ ਟੀਮ ਡੈਲਟਾ ਬੈਨਰ ਹੇਠ ਦੁਬਾਰਾ ਚੋਣ ਲੜ੍ਹ ਰਹੇ ਹਨ, ਨੇ ਕਿਹਾ, “ਸਾਊਥਲੈਂਡ ਅਤੇ ਟਵੈਸਨ ਫਸਟ ਨੇਸ਼ਨਜ਼ ਖੇਤਰ ਲਈ ਨਵੇਂ ਪ੍ਰਾਪਰਟੀ ਵਿਕਾਸ ਇਸ ਵੇਲੇ ਯੋਜਨਾ ਅਧੀਨ ਹਨ”।

ਕੈਂਪਬੈੱਲ ਨੇ ਕਿਹਾ, “ਸਾਊਥਲੈਂਡ ਪ੍ਰਾਜੈਕਟ ਵਿਚ ਵਾਧੂ 80 ਹਜ਼ਾਰ ਸਕੁਏਰ ਫੁੱਟ ਕਮਰਸ਼ੀਅਲ ਸਪੇਸ ਦੇ ਨਾਲ 950 ਨਵੇਂ ਹਾਊਸਿੰਗ ਯੂਨਿਟਾਂ ਦਾ ਨਿਰਮਾਣ ਹੋਵੇਗਾ। ਨਾਲ ਹੀ ਟਵੈਸਨ ਫਸਟ ਨੇਸ਼ਨਜ਼ ਕੋਲ ਉਹਨਾਂ ਦਾ ਬਿਜ਼ੀ ਟਵੈਸਨ ਮਿਲਜ਼ ਸ਼ਾਪਿੰਗ ਸੈਂਟਰ ਹੈ–ਹੁਣ ਇਸ ਵਿੱਚ 200 ਤੋਂ ਵੱਧ ਸਟੋਰ ਹਨ–ਇਹ ਟਵੈਸਨ ਕਾਮਨਜ਼ ਦੇ ਵਿਸਥਾਰ ਅਤੇ ਨਵੇਂ ਹਾਊਸਿੰਗ ਪ੍ਰਾਜੈਕਟਾਂ ਦੇ ਨਿਰਮਾਣ  ਲਈ ਸਰਗਰਮੀ ਨਾਲ ਕੰਮ ਕਰ ਰਿਹਾ ਹੈ”।

ਮਿਊਂਸੀਪਲ ਰਾਜਨੀਤੀ ਵਿੱਚ ਨਵੇਂ ਪਰ ਲੰਮੇਂ ਸਮੇਂ ਤੋਂ ਟਵੈਸਨ ਦੇ ਓਪਟੋਮੈਟਰਿਸਟ ਅਤੇ ਬਿਜ਼ਨਸ ਮਾਲਕ ਡਾ: ਜੌਨ੍ਹ ਹੈਂਸਨ ਨੇ ਕਿਹਾ, "ਬੀ.ਸੀ. ਫੇਰੀਆਂ ਵਿੱਚ ਲੋਕਾਂ ਅਤੇ ਗੱਡੀਆਂ ਦੀ ਗਿਣਤੀ ਪਿਛਲੇ ਸਾਲਾਂ ਦੌਰਾਨ ਕਾਫੀ ਵਧੀ ਹੈ"।

ਹੈਂਸਨ ਨੇ ਕਿਹਾ, "ਪਿਛਲੇ ਸਾਲ 2017 ਵਿੱਚ ਲਗਭਗ 1 ਮਿਲੀਅਨ ਗੱਡੀਆਂ ਅਤੇ ਚਾਰ ਮਿਲੀਅਨ ਲੋਕ ਟਵੈਸਨ ਟਰਮੀਨਲ ਤੋਂ ਸਕਵਾਰਟਜ਼ ਬੇਅ ਜਾਂ ਡਿਊਕ ਪੁਆਇੰਟ ਲਈ ਰਵਾਨਾ ਹੋਏ, ਅਤੇ ਇੰਨੀ ਹੀ ਗਿਣਤੀ ਵਿੱਚ ਗੱਡੀਆਂ ਅਤੇ ਲੋਕ ਇਹਨਾਂ ਦੋਵੇਂ ਥਾਵਾਂ ਤੋਂ  ਟਵੈਸਨ ਪਹੁੰਚੇ"।

"ਹਾਲ ਹੀ ਵਿੱਚ ਖਬਰਾਂ ਦੀਆਂ ਰਿਪੋਰਟਾਂ ਨੇ ਇਹ ਵੀ ਕਿਹਾ ਹੈ ਕਿ 2018 ਦੇ ਪਹਿਲੇ 6 ਮਹੀਨਿਆਂ ਵਿੱਚ ਬੀ.ਸੀ. ਫੇਰੀਜ਼ ਤੋਂ ਚੱਲਣ ਵਾਲੀਆਂ ਗੱਡੀਆਂ ਅਤੇ ਲੋਕਾਂ ਦੀ ਗਿਣਤੀ ਪਿਛਲੇ ਦੋ ਦਹਾਕਿਆਂ ਤੋਂ ਕਿਤੇ ਵੱਧ ਦੇਖੀ ਗਈ"।

ਟਵੈਸਨ ਤੇ ਟਿੱਪਣੀ ਕਰਦਿਆਂ ਬਿਸ਼ਪ ਨੇ ਕਿਹਾ ਕਿ 2017 ਦੀ 21,558 ਜਨਸੰਖਿਆ ਆਪਣੇ ਆਪ ਵਿੱਚ ਐਂਬੂਲੈਂਸ ਸਟੇਸ਼ਨ ਦੀ ਹੱਕਦਾਰ ਸੀ।

ਬਿਸ਼ਪ ਨੇ ਕਿਹਾ, "ਮੇਰੇ ਅਨੁਸਾਰ ਇਹ ਵਧੀਆ ਹੈ ਕਿ ਸੂਕ, ਕੋਮੋਕਸ, ਪ੍ਰਿੰਸ ਰੂਪਰਟ, ਕਿਟੀਮੈਟ, ਫੋਰਟ ਸੇਂਟ ਜੌਨ੍ਹ, ਕੁਐਸਟਨੈਂਟ, ਵਿਲੀਅਮ ਲੇਕ, ਸੈਲ਼ਮਨ ਆਰਮ, ਟਰੇਲ ਅਤੇ ਹੋਪ-ਦੇ ਨਾਲ ਹੋਰ ਦਰਜਨਾਂ ਕਮਿਊਨਟੀਆਂ ਕੋਲ ਆਪਣਾ ਐਂਬੂਲੈਨਸ ਸਟੇਸ਼ਨ ਹੈ"।

(ਜਨਸੰਖਿਆ ਤੁਲਨਾ ਲਈ ਬੈਕਗਰਾਊਨਡਰ ਦਖੋ)

"ਪਰ ਮੇਰਾ ਮੰਨਣਾ ਹੈ ਕਿ ਇਹ ਹੋਰ ਵੀ ਵਧੀਆ ਹੋਵੇਗਾ ਜੇ ਬੀ.ਸੀ.ਐਂਬੂਲੈਂਸ ਸੇਵਾਵਾਂ ਦਾ ਟਵੈਸਨ ਦੇ ਸਥਾਨਕ ਵਸਨੀਕਾਂ  ਦੀ ਸੇਵਾ ਲਈ ਇੱਕ ਸਟੇਸ਼ਨ ਹੋਵੇ ਅਤੇ ਨਾਲ ਹੀ ਉਹਨਾਂ ਵਾਸਤੇ ਜੋ ਕੰਮ ਲਈ ਟਰੈਵਲ ਕਰਕੇ ਵੈਨਕੂਵਰ ਆਈਲੈਂਡ ਆਉਂਦੇ ਹਨ।

ਸੰਪਰਕ ਕਰੋ;
Jason Craik, co –campaign manger    604-603-1790
Kristy Fredericks, co-campaign manager    604-626-1374
teamdeltamedia@gmail.com